# ਚੜਦੀ ਕਲਾ ਪੱਤ੍ਰਿਕਾ

VOL - I ISSUE - 2 • JANUARY 2025

ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ,ਪਿੰਡ ਹਰਦੋਬਥਵਾਲਾ ਰੋਡ,ਨੇੜੇ ਹਰਦੋ ਛੰਨੀ ਬਾਈਪਾਸ ਚੌਂਕ, ਗੁਰਦਾਸਪੁਰ





## INAUGURATION OF PATRIKA BY HON'BLE PRESIDENT (SHRI TARSEM SINGH)




## INAUGURATION OF PATRIKA BY HON'BLE SECRETARY (SHRI S.P. SINGH)




## EFFECTIVE PARENTING SHAPING THE LEADERS OF TOMORROW



Parenting is a profound responsibility, one that lays the foundation for the character and future of our children. It is not about perfection but about cultivating an environment that nurtures growth, resilience, and empathy. Effective parenting combines love, discipline, and wisdom, ensuring children are equipped to face life's challenges with confidence and integrity.

1. Foster Open Communication A strong parent-child relationship begins with open dialogue. Encourage your children to express their thoughts and emotions without fear of judgment. Listening attentively fosters trust and mutual respect, laying the groundwork for meaningful connections.
2. Establish Boundaries with Compassion Boundaries provide structure and security. Set clear expectations and enforce them consistently, but always with kindness. Discipline should guide, not punish, helping children understand accountability while feeling supported.
3. Be a Role Model Children learn more from actions than words. Demonstrate the values you wish to instill—kindness, perseverance, and integrity. Your behavior becomes the blueprint for their own character development.
4. Encourage Independence Empower your children by allowing them to make decisions and learn from their experiences. Support their efforts, celebrate their progress, and help them grow into confident, self-reliant individuals.

Warm regards,
**Dr. Shivani Singh,**
**Principal,** Guru Gobind Singh Public School, Gurdaspur


# GURU GOBIND SINGH PUBLIC SCHOOL, GURDASPUR

Managed by : Guru Gobind Singh Educational Society, Bokaro, Jharkhand

Academic brilliance starts here... learn lead & succeed!

## ADMISSIONS OPEN 2025-26 PRE NURSERY TO VII

20% WAIVE OFF FOR GIRL CHILD

SPECIAL DISCOUNT FOR DEFENCE PERSONNEL

20% WAIVE OFF FOR SINGLE MOTHERS

20% WAIVE OFF FOR SIBLINGS



- Holistic Development • Lavish Green Campus • Smart Classrooms
- State-of-the-Art Infrastructure • Focus on Skill Development

NO ADMISSION FEE | NO ANNUAL FEE | NO BUS FEE FOR CLASS PRE NURSERY ONLY

CBSE Curriculum

9875989885, 9875989886, 9875989887

www.ggpsgsp.com ggps_gurdaspur ggpsgurdaspur @GURUGOBINDSINGHPUBLICSCHOOL

VILL HARDO BATHWALA ROAD, NEAR HARDO CHANNI BYEPASS CHOWK, GURDASPUR



# "ਗੁਰੂ ਗੋਬਿੰਦ ਸਿੰਘ ਜੀ"

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਅਤੇ ਅੰਤਿਮ ਮਨੁੱਖੀ ਰੂਪ ਵਿਚ ਗੁਰੂ ਸਨ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1666 ਈ. ਵਿੱਚ ਪਟਨਾ ਸਾਹਿਬ, ਬਿਹਾਰ ਵਿਖੇ ਹੋਇਆ ਸੀ। ਆਪ ਜੀ ਦੇ ਪਿਤਾ ਸ਼੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਸਨ ਅਤੇ ਆਪ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਗੁਜਰੀ ਜੀ ਸੀ। ਜਨਮ ਤੋਂ ਆਪ ਜੀ ਦਾ ਨਾਂ "ਗੋਬਿੰਦ ਰਾਏ" ਰੱਖਿਆ ਗਿਆ ਸੀ। ਉਨ੍ਹਾਂ ਦੇ ਜਨਮ ਸਮੇਂ ਉਨ੍ਹਾਂ ਦੇ ਪਿਤਾ ਅਤੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ, ਉਸ ਸਮੇਂ ਬੰਗਾਲ ਅਤੇ ਅਸਾਮ ਦੀ ਯਾਤਰਾ ਕਰ ਰਹੇ ਸਨ।1670 ਵਿੱਚ ਗੁਰੂ ਸਾਹਿਬ ਆਪਣੇ ਪਰਿਵਾਰ ਸਮੇਤ ਪਟਨਾ ਤੋਂ ਪੰਜਾਬ ਪਰਤੇ। ਪਟਨਾ, ਬਿਹਾਰ, ਜਿੱਥੇ ਗੋਬਿੰਦ ਰਾਏ ਜੀ ਦਾ ਜਨਮ ਹੋਇਆ ਸੀ ਅਤੇ ਜਿੱਥੇ ਆਪ ਜੀ ਨੇ ਆਪਣਾ ਬਚਪਨ ਬਿਤਾਇਆ ਸੀ, ਉੱਥੇ ਹੁਣ ਇੱਕ ਪਵਿੱਤਰ ਗੁਰਦੁਆਰਾ ਸਾਹਿਬ, ਤਖ਼ਤ ਸ਼੍ਰੀ ਪਟਨਾ ਸਾਹਿਬ ਹੈ।

੧੬੭੨ ਵਿੱਚ, ਗੋਬਿੰਦ ਰਾਏ ਨੂੰ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਚੱਕ ਨਾਨਕੀ (ਅਨੰਦਪੁਰ ਸਾਹਿਬ) ਲਿਜਾਇਆ ਗਿਆ ਜਿੱਥੇ ਉਨ੍ਹਾਂ ਨੇ ਸੰਸਕ੍ਰਿਤ, ਪੰਜਾਬੀ, ਬ੍ਰਜ ਅਤੇ ਫਾਰਸੀ ਵਰਗੀਆਂ ਕਈ ਭਾਸ਼ਾਵਾਂ ਵਿੱਚ ਪੜ੍ਹਨ ਅਤੇ ਲਿਖਣ ਦੀ ਸ਼ੁਰੂਆਤੀ ਸਿੱਖਿਆ ਪ੍ਰਾਪਤ ਕੀਤੀ।

ਗੁਰੂ ਤੇਗ ਬਹਾਦਰ ਜੀ ਦੇ ਬਚਨਾਂ ਅਨੁਸਾਰ, ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ, ਸਪੁੱਤਰ ਗੋਬਿੰਦ ਰਾਏ ਮਾਰਚ ਵਿਸਾਖੀ ੧੬੭੬ ਨੂੰ ਦਸਵੇਂ ਸਿੱਖ ਗੁਰੂ ਬਣੇ ਅਤੇ "ਗੁਰੂ ਗੋਬਿੰਦ ਸਿੰਘ" ਵੱਜੋਂ ਜਾਣੇ ਗਏ । ਦਸਵੇਂ ਗੁਰੂ ਸਾਹਿਬ ਬਣਨ ਤੋਂ ਬਾਅਦ ਵੀ ਆਪ ਜੀ ਦੀ ਪੜ੍ਹਨ-ਲਿਖਣਾ ਦੀ ਸਿੱਖਿਆ ਜਾਰੀ ਰਹੀ। ਨਾਲ ਹੀ ਆਪ ਜੰਗੀ ਕਲਾਵਾਂ ਜਿਵੇਂ ਕਿ ਤਲਵਾਰਬਾਜ਼ੀ, ਤੀਰਅੰਦਾਜ਼ੀ ਅਤੇ ਘੋੜ ਸਵਾਰੀ ਵਿੱਚ ਵੀ ਮੁਹਾਰਤ ਹਾਸਲ ਕਰਦੇ ਰਹੇ। ਗੁਰੂ ਸਾਹਿਬ ਕੁਦਰਤੀ ਤੌਰ 'ਤੇ ਕਾਵਿਕ ਰਚਨਾ ਵਿਚ ਅਮੀਰ ਸਨ ਅਤੇ ਉਨ੍ਹਾਂ ਨੇ ਜਾਪ ਸਾਹਿਬ, ਚੰਡੀ ਦੀ ਵਾਰ, ਅਕਾਲ ਉਸਤਤਿ, ਸਵੈਯਾਂ ਸਮੇਤ ਬਹੁਤ ਸਾਰੀਆਂ ਮਹਾਨ ਰਚਨਾਵਾਂ ਲਿਖੀਆਂ ਜੋ ਸਿੱਖ ਗ੍ਰੰਥਾਂ ਅਤੇ ਅਰਦਾਸਾਂ ਦੇ ਪਵਿੱਤਰ ਅੰਗ ਹਨ।

ਉਨ੍ਹਾਂ ਨੇ ਜ਼ਿਆਦਾਤਰ ਰਚਨਾਤਮਕ ਸਾਹਿਤ ਅਤੇ ਕਵਿਤਾਵਾਂ ਪਾਉਂਟਾ ਸਾਹਿਬ ਵਿੱਚ ਹੀ ਲਿਖੀਆਂ ਜਿੰਨਾ ਦੁਆਰਾ ਆਪ ਨੇ ਪਰਮਪਿਤਾ ਪ੍ਰਮਾਤਮਾ ਪ੍ਰਤੀ ਪਿਆਰ ਦਰਸਾਇਆ, ਆਪਸ ਵਿੱਚ ਭਾਈਚਾਰਾ ਅਤੇ ਸਮਾਨਤਾ ਦੀ ਸਿਖਿਆ ਦਿੱਤੀ, ਅਤੇ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸਾਂ ਤੋਂ ਦੂਰ ਰਹਿਣ ਦਾ ਪ੍ਰਚਾਰ ਕੀਤਾ। ਗੁਰੂ ਜੀ ਨੇ ਪਾਉਂਟਾ ਵਿਖੇ ਇੱਕ ਕਿਲ੍ਹਾ ਬਣਵਾਇਆ ਅਤੇ ਆਪਣੀ ਫੌਜ ਨੂੰ ਵਧਾਉਣਾ ਜਾਰੀ ਰੱਖਿਆ। ਆਪ ਜੀ ਲਗਭਗ ਤਿੰਨ ਸਾਲ ਪਾਉਂਟਾ ਵਿਖੇ ਰਹੇ ਅਤੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਪਤਨੀਆਂ ਸਨ। ਆਪ ਜੀ ਦਾ ਵਿਆਹ ਮਾਤਾ ਜੀਤੋ ਜੀ ਨਾਲ ਜੂਨ 1677 ਨੂੰ ਬਸੰਤਗੜ੍ਹ ਵਿਖੇ ਹੋਇਆ। ਉਨ੍ਹਾਂ ਦੇ ਤਿੰਨ ਪੁੱਤਰ ਸਨ- ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ। ਅਪ੍ਰੈਲ, 1684 ਨੂੰ ਆਪ ਜੀ ਦਾ ਵਿਆਹ ਮਾਤਾ ਸੁੰਦਰੀ ਨਾਲ ਹੋਇਆ, ਜਿਨ੍ਹਾਂ ਤੋਂ ਇਕ ਪੁੱਤਰ ਅਜੀਤ ਸਿੰਘ ਨੇ ਜਨਮ ਲਿਆ। ਅਪ੍ਰੈਲ 1700 ਵਿਚ ਆਪ ਜੀ ਦਾ ਵਿਆਹ ਮਾਤਾ ਸਾਹਿਬ ਦੇਵਾ ਜੀ ਨਾਲ ਹੋਇਆ। ਸਿੱਖ ਧਰਮ ਵਿੱਚ ਮਾਤਾ ਸਾਹਿਬ ਦੀਵਾਨ ਜੀ ਨੇ ਬਹੁਤ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ। ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸੇ ਦੀ ਮਾਤਾ ਵਜੋਂ ਘੋਸ਼ਿਤ ਕੀਤਾ ਗਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਅਤੇ ਪਹਿਲੇ ਖ਼ਾਲਸਾ ਵਜੋਂ ਘੋਸ਼ਿਤ ਕੀਤਾ। ਆਪ ਜੀ ਨੇ ਫ਼ੇਰ, ਆਪਣੇ ਪੰਜ ਪਿਆਰਿਆਂ ਤੋਂ ਉਸੇ ਬਾਟੇ ਤੋਂ ਅੰਮ੍ਰਿਤ ਛਕਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੇ ਪੰਜ ਕੱਕਾਰਾਂ – ਕੇਸ਼, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ ਦੀ ਪਰੰਪਰਾ ਵੀ ਸ਼ੁਰੂ ਕੀਤੀ, ਜਿਸ ਨੂੰ ਖਾਲਸਾ ਸਿੱਖਾਂ ਨੂੰ ਹਰ ਸਮੇਂ ਪਹਿਨਣਾ ਜ਼ਰੂਰੀ ਹੈ।ਆਪ ਜੀ ਨੇ ਸਾਰੇ ਸਿੱਖਾਂ ਨੂੰ ਨਾਮ ਤੋਂ ਬਾਅਦ "ਸਿੰਘ" (ਸ਼ੇਰ) ਅਤੇ ਔਰਤਾਂ ਲਈ ਕੌਰ ("ਰਾਜਕੁਮਾਰੀ") ਉਪਨਾਮ ਦਿੱਤਾ। ਆਪ ਜੀ ਨੇ ਸਾਰਿਆਂ ਨੂੰ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਨਾਲ ਇੱਕ ਦੂਜੇ ਨੂੰ ਨਮਸਕਾਰ ਕਰਨ ਲਈ ਕਿਹਾ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਸਾਮਰਾਜ ਦੇ ਖਿਲਾਫ ਅਤੇ ਸ਼ਿਵਾਲਿਕ ਪਹਾੜੀਆਂ ਦੇ ਰਾਜਿਆਂ ਦੇ ਵਿਰੁੱਧ ਬਹੁਤ ਸਾਰੀਆਂ ਲੜਾਈਆਂ ਲੜੀਆਂ, ਜਿਨ੍ਹਾਂ ਵਿੱਚੋਂ ਕੁਝ ਦਾ ਜ਼ਿਕਰ ਹੇਠਾਂ ਦਿੱਤਾ ਗਿਆ ਹੈ।

**ਭੰਗਾਣੀ ਦੀ ਲੜਾਈ (1689 ) :** ਆਪ ਜੀ ਨੇ ਬਿਲਾਸਪੁਰ ਦੇ ਰਾਜਾ ਭੀਮ ਚੰਦ ਵਿਰੁੱਧ ਜਿੱਤ ਪ੍ਰਾਪਤ ਕੀਤੀ।

**ਨਦੌਨ ਦੀ ਲੜਾਈ (1690) :** ਰਾਜਾ ਭੀਮ ਚੰਦ ਦੀ ਬੇਨਤੀ ਦੇ ਜਵਾਬ ਵਿੱਚ, ਮੁਗਲਾਂ ਵਿਰੁੱਧ ਨਦੌਨ ਦੀ ਲੜਾਈ ਜਿੱਤੀ।

**ਅਨੰਦਪੁਰ ਸਾਹਿਬ ਦੀ ਲੜਾਈ (1700) :** ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਸਾਂਝੀਆਂ ਫ਼ੌਜਾਂ ਵਿਰੁੱਧ ਅਨੰਦਪੁਰ ਸਾਹਿਬ ਦੀ ਲੜਾਈ ਲੜੀ। ਲੰਮੀ ਘੇਰਾਬੰਦੀ ਤੋਂ ਬਾਅਦ ਗੁਰੂ ਜੀ ਨੇ ਆਨੰਦਗੜ੍ਹ ਕਿਲ੍ਹਾ ਛੱਡ ਦਿੱਤਾ।

**ਚਮਕੌਰ ਦੀ ਲੜਾਈ (1703) :** ਗੁਰੂ ਜੀ ਦੇ ਨਾਲ ਚਾਲੀ ਸਿੱਖ ਹਜ਼ਾਰਾਂ ਦੁਸ਼ਮਣਾਂ ਨਾਲ ਬਹਾਦਰੀ ਨਾਲ ਲੜੇ, ਅਤੇ ਸ਼ਹੀਦ ਹੋ ਗਏ। ਗੁਰੂ ਜੀ ਦੇ ਦੋ ਵੱਡੇ ਪੁੱਤਰ (੨ ਸਾਹਿਬਜ਼ਾਦੇ) ਵੀ ਇਸ ਲੜਾਈ ਵਿੱਚ ਲੜਦੇ ਸ਼ਹੀਦ ਹੋ ਗਏ।

**ਮੁਕਤਸਰ ਦੀ ਲੜਾਈ (1703):** ਅਨੰਦਪੁਰ ਸਾਹਿਬ ਨੂੰ ਛੱਡਣ ਵਾਲੇ ਚਾਲੀ ਸਿੱਖ ਗੁਰੂ ਜੀ ਕੋਲ ਵਾਪਸ ਆ ਗਏ ਅਤੇ ਮੁਗਲ ਫੌਜ ਦੇ ਵਿਰੁੱਧ ਉਸਦੀ ਰੱਖਿਆ ਵਿਚ ਲੜਦੇ ਹੋਏ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਉਹ ਸ਼ਹੀਦ ਹੋ ਗਏ ਅਤੇ ਗੁਰੂ ਜੀ ਨੇ ਉਨ੍ਹਾਂ ਨੂੰ ਮੁਕਤਿਆਂ ਦੀ ਬਖਸ਼ਿਸ਼ ਕੀਤੀ।

# ਲੋਹੜੀ ਦਾ ਤਿਉਹਾਰ

ਲੋਹੜੀ ਦਾ ਤਿਉਹਾਰ ਭਾਵੇਂ ਕੋਈ ਧਾਰਮਿਕ ਮਹੱਤਤਾ ਨਹੀਂ ਰੱਖਦਾ, ਪਰ ਇਹ ਸੱਭਿਆਚਾਰਕ ਪੱਖ ਤੋਂ ਬਹੁਤ ਖ਼ਾਸ ਤਿਉਹਾਰ ਹੈ। ਲੋਹੜੀ ਪੋਹ ਮਹੀਨੇ ਦਾ ਪ੍ਰਸਿੱਧ ਤਿਉਹਾਰ ਹੈ, ਇਹ ਪੋਹ ਮਹੀਨੇ ਦੀ ਅਖੀਰਲੀ ਰਾਤ ਨੂੰ ਮਨਾਇਆ ਜਾਂਦਾ ਹੈ। ਲੋਹੜੀ ਤੋਂ ਅਗਲੇ ਦਿਨ ਮਾਘ ਮਹੀਨੇ ਦੀ ਸੰਗਰਾਂਦ ਹੁੰਦੀ ਹੈ। ਇਸ ਦਿਨ ਮਾਘੀ ਦਾ ਤਿਉਹਾਰ ਹੁੰਦਾ ਹੈ। ਇਸ ਮਹੀਨੇ ਫ਼ਸਲਾਂ ਦੀ ਬਿਜਾਈ ਤਕਰੀਬਨ-ਤਕਰੀਬਨ ਹੋ ਚੁੱਕੀ ਹੁੰਦੀ ਹੈ, ਬੱਸ ਥੋੜ੍ਹੀ ਬਹੁਤ ਦੇਖ ਭਾਲ ਹੀ ਬਾਕੀ ਹੁੰਦੀ ਹੈ। ਲੋਹੜੀ ਸਰਦੀਆਂ ਦੇ ਅੰਤ ਅਤੇ ਹਾੜ੍ਹੀ ਦੀਆਂ ਫ਼ਸਲਾਂ ਦੇ ਪ੍ਰਫੁੱਲਿਤ ਹੋਣ ਦਾ ਸਮਾਂ ਹੁੰਦਾ ਹੈ।

।ਜਿਸ ਘਰ ਮੁੰਡਾ ਜੰਮਿਆ ਹੋਵੇ ਜਾਂ ਨਵ-ਵਿਆਹੀ ਵਹੁਟੀ ਆਈ ਹੋਵੇ, ਉਸ ਦੀ ਪਹਿਲੀ ਲੋਹੜੀ ਨੂੰ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਲੋਕ ਇਸ ਪ੍ਰਕਿਰਿਆ ਨੂੰ ਸੂਰਜ ਦੀ ਤਪਸ਼ ਘੱਟ ਜਾਣ ਨਾਲ ਜੋੜਦੇ ਹਨ। ਸੂਰਜ ਦੇ ਚਾਨਣ ਨੂੰ ਮੁੜ ਸੁਰਜੀਤ ਕਰਨ ਲਈ ਲੋਹੜੀ ਦੀ ਅੱਗ ਬਾਲੀ ਜਾਂਦੀ ਸੀ। ਲੋਹੜੀ ਦੇ ਤਿਉਹਾਰ ਦਾ ਸਬੰਧ ਭਾਵੇਂ ਮੂਲ ਰੂਪ ਵਿਚ ਮੌਸਮ ਨਾਲ ਜੁੜਿਆ ਹੈ, ਪਰ ਇਸ ਤਿਉਹਾਰ ਨਾਲ ਕਈ ਦੰਦ ਕਥਾਵਾਂ ਵੀ ਜੁੜੀਆਂ ਹੋਈਆਂ ਹਨ। ਕੁਝ ਲੋਕ ਇਸ ਤਿਉਹਾਰ ਨੂੰ ਸੰਤ ਕਬੀਰ ਜੀ ਦੀ ਪਤਨੀ ਲੋਈ ਦੇ ਨਾਂਅ ਨਾਲ ਵੀ ਜੋੜਦੇ ਹਨ ਕਿ ਲੋਈ ਦੇ ਨਾਂਅ ਤੋਂ ਹੀ ਲੋਹੜੀ ਦਾ ਨਾਂਅ ਪਿਆ ਹੈ। ਕੁਝ ਲੋਕ ਲੋਹੜੀ ਸ਼ਬਦ ਲੋਹ ਸ਼ਬਦ ਤੋਂ ਪਿਆ ਦੱਸਦੇ ਹਨ, ਜਿਸ ਦਾ ਅਰਥ ਰੌਸ਼ਨੀ ਅਤੇ ਸੇਕ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਤਿਲ ਅਤੇ ਰਿਉੜੀਆਂ ਸ਼ਬਦਾਂ ਦੇ ਸੁਮੇਲ ਤੋਂ ਇਹ ਸ਼ਬਦ ਬਣਿਆ ਹੈ, ਪਹਿਲਾਂ ਇਹ ਤਿਲੋਹੜੀ ਸੀ, ਪਰ ਬਾਅਦ ਵਿਚ ਲੋਹੜੀ ਮਸ਼ਹੂਰ ਹੋ ਗਿਆ। ਲੋਹੜੀ ਦਾ ਇਤਿਹਾਸ ਅਕਬਰ ਬਾਦਸ਼ਾਹ ਦੇ ਸਮੇਂ ਦੁੱਲਾ ਭੱਟੀ ਨਾਂਅ ਦੇ ਕਿਰਦਾਰ ਨਾਲ ਵੀ ਜੋੜਿਆ ਜਾਂਦਾ ਹੈ, ਜੋ ਅਮੀਰ ਲੋਕਾਂ ਨੂੰ ਲੁੱਟ ਕੇ ਸਾਰਾ ਧਨ ਗ਼ਰੀਬਾਂ ਵਿਚ ਵੰਡ ਦਿੰਦਾ ਸੀ। ਇਕ ਵਾਰ ਉਸ ਨੇ ਅਗਵਾਕਾਰਾਂ ਦੇ ਚੁੰਗਲ ਵਿਚੋਂ ਇਕ ਲੜਕੀ ਨੂੰ ਛੁਡਾਇਆ ਤੇ ਆਪਣੀ ਧਰਮ ਦੀ ਧੀ ਬਣਾ ਲਿਆ। ਇਕ ਹੋਰ ਲਿਖਤ ਅਨੁਸਾਰ ਕਿਸੇ ਗ਼ਰੀਬ ਬ੍ਰਾਹਮਣ ਦੀਆਂ ਸੁੰਦਰੀ ਤੇ ਮੁੰਦਰੀ ਨਾਂਅ ਦੀਆਂ ਦੋ ਬਹੁਤ ਖੂਬਸੂਰਤ ਧੀਆਂ ਸਨ, ਜਿਨ੍ਹਾਂ ਦੀ ਮੰਗਣੀ ਹੋ ਚੁੱਕੀ ਸੀ। ਉਸ ਸਮੇਂ ਦੇ ਹਾਕਮ ਦੀ ਨਜ਼ਰੀਂ ਇਹ ਲੜਕੀਆਂ ਚੜ੍ਹ ਗਈਆਂ ਤੇ ਉਹ ਹਾਕਮ ਦੋਵਾਂ ਭੈਣਾਂ ਤੇ ਮੈਲੀ ਅੱਖ ਰੱਖਣ ਲੱਗ ਪਿਆ। ਦੁੱਲੇ ਭੱਟੀ ਨੇ ਕੁੜੀਆਂ ਦੇ ਵਿਆਹ ਕਰਵਾਉਣ ਦਾ ਵਚਨ ਦਿੱਤਾ। ਲੜਕੀਆਂ ਦੇ ਸਹੁਰੇ, ਹਾਕਮਾਂ ਤੋਂ ਡਰਦੇ ਮਾਰੇ, ਰਾਤ ਨੂੰ ਵਿਆਹ ਕਰਨ ਲਈ ਕਹਿਣ ਲੱਗੇ। ਦੁੱਲੇ ਭੱਟੀ ਨੇ ਲਾਗਲੇ ਪਿੰਡਾਂ ਵਿਚੋਂ ਦਾਨ ਦੇ ਰੂਪ ਵਿਚ ਗੁੜ, ਸ਼ੱਕਰ, ਬਾਲਣ, ਦਾਣੇ ਇਕੱਠੇ ਕੀਤੇ। ਲੋਕ ਸੁੰਦਰੀ ਤੇ ਮੁੰਦਰੀ ਦੇ ਵਿਆਹ 'ਤੇ ਇਕੱਠੇ ਹੋਏ। ਦੁੱਲੇ ਭੱਟੀ ਨੇ ਆਪਣੇ ਹੱਥੀਂ ਲੜਕੀਆਂ ਦੇ ਵਿਆਹ ਕੀਤੇ 'ਤੇ ਸੇਰ-ਸੇਰ ਸ਼ੱਕਰ ਪਾਈ। ਉਸ ਦਿਨ ਤੋਂ ਇਸੇ ਤਰ੍ਹਾਂ ਲੋਹੜੀ ਮਨਾਉਣ ਦਾ ਰਿਵਾਜ ਪੈ ਗਿਆ। ਦੁੱਲਾ ਭੱਟੀ ਏਨਾ ਮਸ਼ਹੂਰ ਹੋ ਗਿਆ ਕਿ ਅੱਜ ਵੀ ਜਦ ਬੱਚੇ ਘਰਾਂ ਵਿਚੋਂ ਲੋਹੜੀ ਮੰਗਦੇ ਹਨ ਤਾਂ ਇਹ ਗੀਤ ਜ਼ਰੂਰ ਗਾਉਂਦੇ ਹਨ।

**ਸੁੰਦਰ ਮੁੰਦਰੀਏ-ਹੋ! ਤੇਰਾ ਕੌਣ ਵਿਚਾਰਾ-ਹੋ!**
**ਦੁੱਲਾ ਭੱਟੀ ਵਾਲਾ-ਹੋ! ਦੁੱਲੇ ਨੇ ਧੀ ਵਿਆਈ-ਹੋ!**
**ਸੇਰ ਸ਼ੱਕਰ ਪਾਈ-ਹੋ!**

ਲੋਹੜੀ ਤੋਂ 10-15 ਦਿਨ ਪਹਿਲਾਂ ਮੁੰਡੇ ਕੁੜੀਆਂ (ਅੱਜਕਲ੍ਹ ਤਾਂ ਬੱਚੇ) ਟੋਲੀਆਂ ਬਣਾ ਕੇ ਘਰਾਂ ਵਿਚ ਜਾ ਕੇ ਲੋਹੜੀ ਮੰਗਦੇ ਹਨ ਤੇ ਲੋਹੜੀ ਨਾਲ ਸਬੰਧਿਤ ਗੀਤ ਗਾਉਂਦੇ ਹਨ ਕਿ...



**"ਦੇਹ ਮਾਈ ਪਾਥੀ, ਤੇਰਾ ਪੁੱਤ ਚੜ੍ਹੂਗਾ ਹਾਥੀ।**
**ਦੇਹ ਮਾਈ ਲੋਹੜੀ, ਤੇਰਾ ਪੁੱਤ ਚੜ੍ਹੂਗਾ ਘੋੜੀ।"**

ਜਦ ਕੋਈ ਘਰ ਵਾਲਾ ਲੋਹੜੀ ਦੇਣ ਵਿਚ ਦੇਰ ਕਰਦਾ ਹੈ ਤਾਂ ਕਾਹਲ ਨੂੰ ਦਰਸਾਉਂਦੀਆਂ ਹੋਈਆਂ ਇਹ ਸਤਰਾਂ ਗਾਈਆਂ ਜਾਂਦੀਆਂ ਹਨ...

**ਸਾਡੇ ਪੈਰਾਂ ਹੇਠ ਰੋੜ, ਸਾਨੂੰ ਛੇਤੀ ਛੇਤੀ ਤੋਰ।**
**ਸਾਡੇ ਪੈਰਾਂ ਹੇਠ ਸਲਾਈਆਂ, ਅਸੀਂ ਕਿਹੜੇ ਵੇਲੇ ਦੀਆਂ ਆਈਆਂ।**

ਜਦ ਕੋਈ ਘਰ ਵਾਲਾ ਫਿਰ ਵੀ ਲੋਹੜੀ ਨਾ ਦੇਵੇ ਤਾਂ ਇਹ ਟੋਲੀਆਂ ਇਹ ਗਾਉਂਦੀਆਂ ਹੋਈਆਂ ਅਗਲੇ ਘਰ ਲਈ ਰਵਾਨਾ ਹੋ ਜਾਂਦੀਆਂ ਹਨ

**ਹੁੱਕਾ ਬਈ ਹੁੱਕਾ, ਇਹ ਘਰ ਭੁੱਖਾ।**

ਲੋਹੜੀ ਵਾਲੀ ਰਾਤ ਜਿਸ ਘਰ ਨਵਾਂ ਵਿਆਹ ਹੋਵੇ ਜਾਂ ਮੁੰਡੇ ਦਾ ਜਨਮ ਹੋਇਆ ਹੋਵੇ, ਦੇ ਸੱਦੇ 'ਤੇ ਕਿਸੇ ਖੁੱਲ੍ਹੇ ਥਾਂ 'ਤੇ ਲੱਕੜਾਂ ਦਾ ਢੇਰ ਲਗਾ ਕੇ ਅੱਗ ਬਾਲ਼ੀ ਜਾਂਦੀ ਹੈ ਤੇ ਸਾਰੇ ਲੋਕ ਉਸ ਅੱਗ ਦੁਆਲੇ ਇਕੱਠੇ ਹੋ ਜਾਂਦੇ ਹਨ ਤੇ ਮੂੰਗਫਲੀ ਰਿਉੜੀਆਂ, ਗੱਚਕ ਤੇ ਹੋਰ ਕਈ ਪਕਵਾਨ ਖਾਂਦੇ ਹਨ ਤੇ ਅੱਗ ਵਿਚ ਤਿੱਲ ਸੁੱਟ ਕੇ ਬੋਲਦੇ ਹਨ ਕਿ

**ਈਸ਼ਰ ਆ, ਦਲਿੱਦਰ ਜਾ**
**ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ।**

ਅੱਗ ਵਿਚ ਤਿੱਲ ਸੁੱਟਦੇ ਸਮੇਂ ਇਹ ਧਾਰਨਾ ਹੁੰਦੀ ਹੈ ਕਿ ਜਿੰਨੇ ਤਿਲ ਜਠਾਣੀ ਅੱਗ ਵਿਚ ਸੁੱਟੇਗੀ, ਉਨ੍ਹੇ ਹੀ ਦਰਾਣੀ ਮੁੰਡੇ ਜੰਮੇਗੀ। ਲੋਹੜੀ ਵਾਲੇ ਦਿਨ ਸਰੋਂ ਦਾ ਸਾਗ, ਮੱਕੀ ਦੀ ਰੋਟੀ, ਮੂਲੀ, ਗੰਨੇ, ਮੂੰਗਫਲੀ, ਰਿਉੜੀਆਂ, ਗੱਚਕ, ਭੁੱਗਾ, ਖਿੱਲਾਂ, ਖਜੂਰਾਂ, ਗੰਨੇ ਦੇ ਰਸ (ਰਹੂ ਦੀ ਖੀਰ) ਤੇ ਖਿਚੜੀ ਬਣਾਈ ਜਾਂਦੀ ਹੈ। ਅਗਲੇ ਦਿਨ ਮਾਘੀ 'ਤੇ ਖਾਧੀ ਜਾਂਦੀ ਹੈ। ਇਸੇ ਲਈ ਆਖਦੇ ਹਨ ਕਿ 'ਪੋਹ ਰਿੰਨ੍ਹੀ ਮਾਘ ਖਾਧੀ।

ਪਰ ਅੱਜਕਲ੍ਹ ਇਹ ਲੋਹੜੀ ਦਾ ਤਿਉਹਾਰ ਸਿਰਫ ਸਕੂਲਾਂ ਕਾਲਜਾਂ ਦੇ ਮੰਚਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਕਈ ਵਿਦਵਾਨ ਲੋਕਾਂ ਦੀ ਸਮਝ ਸਦਕਾ ਇਹ ਤਿਉਹਾਰ ਹੁਣ ਧੀਆਂ ਦੀ ਲੋਹੜੀ ਕਰਕੇ ਵੀ ਮਨਾਇਆ ਜਾਣ ਲੱਗਾ ਹੈ। ਧੀਆਂ ਹਰ ਖੇਤਰ ਵਿਚ ਮੱਲਾਂ ਮਾਰ ਰਹੀਆਂ ਹਨ ਤੇ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੂਹ ਰਹੀਆਂ ਹਨ, ਚਾਹੇ ਉਹ ਖੇਡਾਂ ਦਾ ਖੇਤਰ, ਚਾਹੇ ਪੜ੍ਹਾਈ ਦਾ ਖੇਤਰ, ਚਾਹੇ ਸੰਗੀਤ ਦਾ ਖੇਤਰ ਤੇ ਚਾਹੇ ਕੋਈ ਹੋਰ ਖੇਤਰ ਹੋਵੇ, ਹਰ ਖੇਤਰ ਵਿਚ ਧੀਆਂ ਨੇ ਮੱਲਾਂ ਮਾਰੀਆਂ ਹਨ। ਕੰਪਿਊਟਰੀਕਰਨ ਦੇ ਇਸ ਯੁੱਗ ਵਿਚ ਸਾਨੂੰ ਆਪਣੀ ਰੂੜੀਵਾਦੀ ਸੋਚ ਨੂੰ ਛੱਡਣਾ ਪਵੇਗਾ। ਅੱਜ ਦੇ ਜ਼ਮਾਨੇ ਵਿਚ ਧੀ ਪੁੱਤ ਵਿਚ ਕੋਈ ਫ਼ਰਕ ਨਹੀਂ ਰੱਖਣਾ ਚਾਹੀਦਾ।

## ਮਾਘੀ ਦਾ ਤਿਉਹਾਰ



ਮਾਘ ਮਹੀਨਾ ਪੂਰੇ ਭਾਰਤ ਵਿੱਚ ਧਾਰਮਿਕ ਪੱਖ ਤੋਂ ਮਨਾਇਆ ਜਾਣ ਵਾਲਾ ਮਹੀਨਾ ਹੈ। ਇਸ ਮਹੀਨੇ ਅਨੇਕਾਂ ਮੇਲੇ ਲੱਗਦੇ ਹਨ। ਪਰ ਸਿੱਖ ਧਰਮ ਵਿੱਚ ਮਾਘ ਮਹੀਨੇ ਦਾ ਵਿਸ਼ੇਸ਼ ਮਹੱਤਵ ਹੈ ਅਤੇ ਇਸ ਦਿਹਾੜੇ 'ਤੇ ਪੰਜਾਬ ਵਿੱਚ ਮੁਕਤਸਰ ਵਿਖੇ ਚਾਲੀ ਮੁਕਤਿਆਂ ਦੀ ਯਾਦ ਵਿੱਚ ਬਹੁਤ ਭਾਰੀ ਮੇਲਾ ਲੱਗਦਾ ਹੈ ਜਿਸ ਵਿੱਚ ਵੱਡੀ ਤਾਦਾਦ ਵਿੱਚ ਸੰਗਤਾਂ, ਇਹਨਾਂ ਮੁਕਤਿਆਂ ਦੀ ਯਾਦ ਵਿੱਚ, ਸੁਬਹ-ਸਵੇਰੇ ਗੁਰਦੁਆਰਾ ਮੁਕਤਸਰ ਸਾਹਿਬ ਵਿਖੇ ਸਰੋਵਰ ਵਿੱਚ ਇਸ਼ਨਾਨ ਕਰਕੇ ਮੱਥਾ ਟੇਕਣ ਪੁੱਜਦੀਆਂ ਹਨ। ਕਈ ਥਾਵਾਂ ਤੇ ਮਾਘੀ ਨੂੰ ਮੱਕਰ ਸੰਕ੍ਰਾਂਤੀ ਨਾਲ ਵੀ ਸੰਬੋਧਿਤ ਕੀਤਾ ਜਾਂਦਾ ਹੈ। ਹਿੰਦੂ ਧਰਮ ਵਿੱਚ ਵੀ ਇਸ ਤਿਉਹਾਰ ਦਾ ਅਹਿਮ ਸਥਾਨ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਰਚੀ ਬਾਣੀ ਵਿੱਚ ਬੜਾ ਸੁੰਦਰ ਵਰਨਣ ਕੀਤਾ ਮਿਲਦਾ ਹੈ

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸ਼ਨਾਨੁ ॥ ਹਰਿ ਕਾ ਨਾਮ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨ ॥ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨ ॥
ਸਚੇ ਮਾਰਗ ਚਲਦਿਆ ਉਸਤਤ ਕਰੇ ਜਹਾਨੁ ॥ ਅਠਸਠਿ ਤੀਰਥ ਸਗਨ ਪੁੰਨ ਜੀਅ ਦਇਆ ਪਰਵਾਨ ॥
ਜਿਸ ਨੋ ਦੇਵੇ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰ ਮਿਹਰਬਾਨੁ ॥

## ਬਾਲ ਕਵਿਤਾ ਗੁਰੂ ਗੋਬਿੰਦ ਸਿੰਘ ਜੀ

ਕੀਹਨੇ ਗਿਦੜ ਕੀਤੇ ਸ਼ੇਰ ,
ਗੁਰੂ ਗੋਬਿੰਦ ਸਿੰਘ ਜੀ ਨੇ ।
ਕੀਹਨੇ ਜ਼ਾਲਮ ਮਾਰੇ ਘੇਰ ,
ਗੁਰੂ ਗੋਬਿੰਦ ਸਿੰਘ ਜੀ ਨੇ ।
ਕੀਹਨੇ ਛੱਡੀ ਮੇਰ ਤੇ ਤੇਰ ,
ਗੁਰੂ ਗੋਬਿੰਦ ਸਿੰਘ ਜੀ ਨੇ ।
ਕੀਹਨੇ ਸਾਧੂ ਕਰੇ ਦਲੇਰ ,
ਗੁਰੂ ਗੋਬਿੰਦ ਸਿੰਘ ਜੀ ਨੇ ।

ਜੀਹਨੇ ਅੰਮ੍ਰਿਤ ਕੀਤਾ ਤਿਆਰ,
ਗੁਰੂ ਗੋਬਿੰਦ ਸਿੰਘ ਸੀ ਉਹ ।
ਜੀਹਨੇ ਵਾਰਿਆ ਸਭ ਪਰਿਵਾਰ,
ਗੁਰੂ ਗੋਬਿੰਦ ਸਿੰਘ ਸੀ ਉਹ ।
ਜੀਹਨੇ ਦਾਸ ਕਰੇ ਸਰਦਾਰ,
ਗੁਰੂ ਗੋਬਿੰਦ ਸਿੰਘ ਸੀ ਉਹ ।
ਜੀਹਨੇ ਰੱਬ ਬਣਾਇਆ ਯਾਰ,
ਗੁਰੂ ਗੋਬਿੰਦ ਸਿੰਘ ਸੀ ਉਹ ।

ਜੀਹਨੇ ਘਾਹੀਓਂ ਕਵੀ ਬਣਾਏ,
ਗੁਰੂ ਗੋਬਿੰਦ ਸਿੰਘ ਸੀ ਉਹ ।
ਜੀਹਨੇ ਨੀਚੋਂ ਊਚ ਕਰਾਏ,
ਗੁਰੂ ਗੋਬਿੰਦ ਸਿੰਘ ਸੀ ਉਹ ।
ਜੀਹਨੇ ਚਿੜੀਓਂ ਬਾਜ਼ ਤੁੜਾਏ,
ਗੁਰੂ ਗੋਬਿੰਦ ਸਿੰਘ ਸੀ ਉਹ ।
ਜੀਹਨੇ ਨ੍ਹੇਰੇ ਰਾਹ ਰੁਸ਼ਨਾਏ,
ਗੁਰੂ ਗੋਬਿੰਦ ਸਿੰਘ ਸੀ ਉਹ ।

## ਦਸਮ ਪਿਤਾ ਜੀ ਵੱਲੋਂ ਨਾਂਦੇੜ ਵਿਖੇ ਕੀਤੇ 52 ਹੁਕਮ

੧.ਕਿਰਤ ਧਰਮ ਦੀ ਕਰਨੀ ।
੨.ਦਸਵੰਧ ਦੇਣਾ ।
੩.ਗੁਰਬਾਣੀ ਕੰਠ ਕਰਨੀ ।
੪.ਅੰਮ੍ਰਿਤ ਵੇਲੇ ਜਾਗਣਾ ।
੫.ਪਿਆਰ ਨਾਲ ਗੁਰਸਿੱਖਾਂ ਦੀ ਸੇਵਾ ਕਰਨੀ
੬.ਗੁਰਸਿੱਖਾਂ ਪਾਸੋਂ ਗੁਰਬਾਣੀ ਦੇ ਅਰਥ ਸਮਝਣੇ
੭.ਪੰਜ ਕਕਾਰਾਂ ਦੀ ਰਹਿਤ ਦ੍ਰਿੜ੍ਹ ਰੱਖਣੀ
੮.ਸ਼ਬਦ ਦਾ ਅਭਿਆਸ ਕਰਨਾ ।
੯.ਧਿਆਨ ਸਤਿ-ਸਰੂਪ ਸਤਿਗੁਰੂ ਦਾ ਕਰਨਾ
੧੦.ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ।
੧੧.ਸਭ ਕਾਰਜਾਂ ਦੇ ਆਰੰਭ ਵੇਲੇ ਅਰਦਾਸ ਕਰਨੀ ।
੧੨.ਜੰਮਣ, ਮਰਨ, ਵਿਆਹ, ਆਨੰਦ ਆਦਿ ਦੇ ਸਮੇਂ ਜਪੁ ਜੀ ਸਾਹਿਬ ਦਾ ਪਾਠ ਕਰਕੇ,ਕੜਾਹ ਪ੍ਰਸ਼ਾਦਿ ਤਿਆਰ ਕਰਕੇ, ਆਨੰਦ ਸਾਹਿਬ ਦਾ ਪਾਠ, ਅਰਦਾਸ ਕਰਕੇ,ਪੰਜਾਂ ਪਿਆਰਿਆਂ ਅਤੇ ਹਜ਼ੂਰੀ ਗ੍ਰੰਥੀ ਸਿੰਘਾਂ ਦਾ ਵਰਤਾਰਾ ਵਰਤਾ ਕੇ ਰੱਖ ਉਪਰੰਤ ਸੰਗਤਾਂ ਨੂੰ ਵਰਤਾ ਦੇਣਾ ।
੧੩. ਜਦ ਤੱਕ ਕੜਾਹ ਪ੍ਰਸ਼ਾਦਿ ਵਰਤਦਾ ਰਹੇ,ਸਾਰੀ ਸੰਗਤ ਅਡੋਲ ਬੈਠੀ ਰਹੇ।
੧੪.ਵਿਆਹ ਅਨੰਦ ਬਿਨਾਂ ਗ੍ਰਿਹਸਤ ਨਹੀਂ ਕਰਨਾ ।
੧੫. ਪਰ-ਇਸਤਰੀ ਮਾਂ, ਭੈਣ, ਧੀ ਕਰ ਜਾਣਨੀ ।
੧੬. ਇਸਤਰੀ ਦਾ ਮੂੰਹ ਨਹੀਂ ਫਿਟਕਾਰਨਾ।
੧੭. ਜਗਤ ਜੂਠ ਤਮਾਕੂ ਬਿਖਿਆਨ ਦਾ ਤਿਆਗ ਕਰਨਾ
੧੮. ਰਹਿਤਵਾਨ ਤੇ ਨਾਮ ਜਪਣ ਵਾਲੇ ਗੁਰਸਿੱਖਾਂ ਦੀ ਸੰਗਤ ਕਰਨੀ।
੧੯. ਜਿਤਨੇ ਕੰਮ ਆਪਣੇ ਕਰਨ ਦੇ ਹੋਣ, ਉਨ੍ਹਾਂ ਦੇ ਕਰਨ ਵਿੱਚ ਆਲਸ ਨਹੀਂ ਕਰਨਾ।
੨੦. ਗੁਰਬਾਣੀ ਦੀ ਕਥਾ ਅਤੇ ਕੀਰਤਨ ਰੋਜ਼ ਸੁਣਨਾ ਤੇ ਕਰਨਾ।
੨੧. ਕਿਸੇ ਦੀ ਨਿੰਦਾ, ਚੁਗਲੀ ਅਤੇ ਈਰਖਾ ਨਹੀਂ ਕਰਨੀ।
੨੨. ਧਨ , ਜੁਆਨੀ,ਕੁਲ-ਜਾਤ ਦਾ ਮਾਣ ਨਹੀਂ ਕਰਨਾ ।
੨੩. ਮੱਤ ਉੱਚੀ ਅਤੇ ਸੁੱਚੀ ਰੱਖਣੀ।
੨੪. ਸ਼ੁੱਭ ਕਰਮ ਕਰਦੇ ਰਹਿਣਾ।
੨੫. ਬੁੱਧ ਬਲ ਦਾ ਦਾਤਾ ਵਾਹਿਗੁਰੂ ਨੂੰ ਜਾਣਨਾ।
੨੬. ਕਸਮ, ਸਹੁੰ ਚੁੱਕਣ ਵਾਲੇ ਤੇ ਇਤਬਾਰ ਨਹੀ ਕਰਨਾ।
੨੭. ਸੁਤੰਤਰ ਵਿਚਰਨਾ ।
੨੮. ਰਾਜਨੀਤੀ ਵੀ ਪੜ੍ਹਨੀ ।
29. ਸ਼ੱਤਰੂ ਨਾਲ ਸਾਮ, ਦਾਮ , ਭੇਦ ਆਦਿਕ ਉਪਾਓ ਵਰਤਣੇ, ਉਪਰੰਤ ਯੁੱਧ ਕਰਨਾ ਧਰਮ ਹੈ।
੩੦. ਸ਼ਸਤਰ ਵਿੱਦਿਆ ਤੇ ਘੋੜ-ਸਵਾਰੀ ਦਾ ਅਭਿਆਸ ਕਰਨਾ।
31. ਗੁਰੂ ਉਪਦੇਸ਼ ਧਾਰਨ ਕਰਨੇ ।
੩੨. ਦੂਸਰੇ ਧਰਮਾਂ ਦੀਆਂ ਪੁਸਤਕਾਂ, ਵਿੱਦਿਆ ਪੜ੍ਹਨੀ,ਪਰ ਭਰੋਸਾ ਦ੍ਰਿੜ੍ਹ ਗੁਰਬਾਣੀ,ਅਕਾਲ ਪੁਰਖ ਉੱਤੇ ਹੀ ਰੱਖਣਾ।
੩੩. ਰਹਿਰਾਸ ਦਾ ਪਾਠ ਕਰਕੇ ਖੜੇ ਕੇ ਅਰਦਾਸ ਕਰਨੀ।
੩੪. ਸੌਣ ਸਮੇਂ ਸੋਹਿਲੇ ਦਾ ਪਾਠ ਕਰਨਾ।
੩੫. ਕੇਸ ਨੰਗੇ ਨਹੀਂ ਰੱਖਣੇ।
੩੬. ਸਿੰਘਾਂ ਦਾ ਪੂਰਾ ਨਾਮ ਲੈ ਕੇ ਬੁਲਾਉਣਾ, ਅੱਧਾ ਨਹੀਂ।
੩੭. ਸ਼ਰਾਬ ਨਹੀਂ ਪੀਣੀ -ਪਿਆਉਣੀ।
੩੮. ਭਾਦਨੀ (ਸਿਰ ਮੁੰਨੇ) ਨੂੰ ਕੰਨਯਾ ਨਹੀਂ ਦੇਣੀ।ਉਸ ਘਰ ਦੇਵਣੀ ਜਿੱਥੇ ਅਕਾਲ ਪੁਰਖ ਦੀ ਸਿੱਖੀ ਹੋਵੇ।
੩੯. ਸਭ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੇ ਗੁਰਬਾਣੀ ਅਨੁਸਾਰ ਕਰਨੇ।
੪੦.ਚੁਗਲੀ ਕਰਕੇ ਕਿਸੇ ਦਾ ਕੰਮ ਨਹੀਂ ਵਿਗਾੜਨਾ।
੪੧. ਕੌੜਾ ਬਚਨ ਕਰਕੇ ਕਿਸੇ ਦਾ ਹਿਰਦਾ ਨਹੀਂ ਦੁਖਾਉਣਾ।
੪੨. ਦਰਸ਼ਨ ਯਾਤਰਾ ਗੁਰਦੁਆਰਿਆਂ ਦੀ ਹੀ ਕਰਨੀ।
੪੩. ਬਚਨ ਕਰਕੇ ਪਾਲਣਾ।
੪੪. ਅਤਿਥੀ, ਪਰਦੇਸੀ, ਲੋੜਵੰਦ,ਦੁੱਖੀ, ਅਪੰਗ ਮਨੁੱਖ ਦੀ ਯਥਾਸ਼ਕਤ ਸੇਵਾ ਕਰਨੀ।
੪੫. ਧੀ ਦੀ ਕਮਾਈ/ਧਨ ਬਿਖ ਕਰ ਜਾਣਨਾ।

## Amazing Space & Universe Facts

1. The Sun Makes Up 99.8% of the Solar System's Mass
2. There's a Planet Where It Rains Molten Glass Sideways
3. Neutron Stars Are the Densest Objects in the Universe
4. The Largest Volcano in the Solar System is on Mars
5. The Moon Is Slowly Moving Away from Earth
6. One Day on Mercury Lasts Longer Than a Year
7. Space Is Completely Silent
8. There's a Giant Diamond Planet
9. A Spoonful of a Neutron Star Would Weigh Billions of Tons
10. The Coldest Place in the Universe is a Nebula




## मेरा बस्ता

मेरा बस्ता है निराला, हर दिन साथ, हर दिन प्यारा।
रंग–बिरंगी किताबें इसमें,ज्ञान का यह है खजाना सारा।

पेंसिल, रबड़, और शार्पनर,कॉपी में लिखूं मैं सुंदर अक्षर।
हर पन्ने पर नई कहानी,मेहनत से बनती मेरी निशानी।

लंच बॉक्स रखता है कोना,खाने में जो मम्मी ने भेजा होना।
जल की बोतल साथ में रखता,प्यास लगे तो कभी न डरता।

स्कूल में जब जाता हूँ मैं,बस्ता मेरा साथी है।
सीखने की हर नयी डगर पर,बस्ता मेरा साथी है।

## JUMBLED WORDS FOR STUDENTS

1.RTEAH (Answer: HEART)
2.GARDNE (Answer: GARDEN)
3.ESTMNMO (Answer: MOMENTS)
4.LAPENT (Answer: PLANET)
5.SHEOS (Answer: SHOES)
6.SATR (Answer: STAR)
7.KOBO (Answer: BOOK)
8.LOCSHO (Answer: SCHOOL)
9.BALTE (Answer: TABLE)
10. IFSH (Answer: FISH)

## List of Presidents of India (1947 - Present)

| | | |
|---|---|---|
| 1. | Dr. Rajendra Prasad | 1950 – 1962 |
| 2. | Dr. Sarvepalli Radhakrishnan | 1962 – 1967 |
| 3. | Dr. Zakir Husain | 1967 – 1969 |
| 4. | V.V. Giri (Acting & Elected) | 1969 – 1974 |
| 5. | Fakhruddin Ali Ahmed | 1974 – 1977 |
| 6. | Neelam Sanjiva Reddy | 1977 – 1982 |
| 7. | Giani Zail Singh | 1982 – 1987 |
| 8. | R. Venkataraman | 1987 – 1992 |
| 9. | Dr. Shankar Dayal Sharma | 1992 – 1997 |
| 10. | K.R. Narayanan | 1997 – 2002 |
| 11. | Dr. A.P.J. Abdul Kalam | 2002 – 2007 |
| 12. | Pratibha Patil | 2007 – 2012 |
| 13. | Pranab Mukherjee | 2012 – 2017 |
| 14. | Ram Nath Kovind | 2017 – 2022 |
| 15. | Droupadi Murmu | 2022 – Present |




## Indian Army Day

Every year on 15th January, India celebrates Indian Army Day to honor the courage, dedication, and sacrifice of our brave soldiers. This day marks the occasion when Field Marshal K.M. Cariappa took over as the first Indian Commander-in-Chief of the Indian Army in 1949, replacing General Sir Francis Butcher.The Indian Army is one of the most powerful and disciplined military forces in the world. It plays a crucial role in safeguarding our nation's borders and maintaining internal security. From the Kargil War to disaster relief operations, the Indian Army has always stood strong in protecting the country and its people.

On this day, grand parades, military displays, and award ceremonies are organized at the Cariappa Parade Ground in Delhi and various army headquarters across India. Brave soldiers who display extraordinary courage are honored with gallantry awards, including the Param Vir Chakra, Vir Chakra, and Shaurya Chakra.

The Indian Army is not just about fighting wars; it also plays a key role in peacekeeping missions, rescue operations during natural disasters, and humanitarian aid. The selfless dedication of our soldiers inspires every Indian to be disciplined, courageous, and patriotic.Indian Army Day is a reminder that our freedom and security come at the cost of the relentless efforts of our soldiers. It is a day to salute their valor and dedication."Indian Army – Nation First, Always First!" Let's take a moment to express our gratitude to these real-life heroes who protect us day and night.

**Jai Hind! Jai Bharat**

## ज्ञानवर्धक बातें

1 .शिक्षा का कोई विकल्प नहीं , हमेशा सीखने के लिए तैयार रहो, क्योंकि ज्ञान सबसे बड़ा धन है.
2 .ईमानदारी सबसे अच्छी नीति है एवं सच्चाई और ईमानदारी से ही जीवन में सफलता मिलती है.
3 .हर दिन एक नया अवसर है , बीते हुए कल से सीखो, लेकिन नए दिन को सुधारने का मौका मत छोड़ो.
4 .कड़ी मेहनत का कोई विकल्प नहीं , जो मेहनत करता है, वही असली सफलता पाता है.
5 .अच्छी संगति में रहो , जैसे संगत वैसा रंग! अच्छे दोस्तों के साथ रहोगे तो जीवन में आगे बढ़ोगे.
6 .समय की कद्र करो , जो समय बर्बाद करता है, वह जीवन में आगे नहीं बढ़ सकता.
7 .अपने माता–पिता और शिक्षकों का सम्मान करो , वे ही तुम्हारे मार्गदर्शक और सच्चे शुभचिंतक हैं.
8. गलतियों से सीखो , गलती करना गलत नहीं, लेकिन उनसे सीखना बहुत जरूरी है.
9. स्वस्थ शरीर, स्वस्थ मन , रोज व्यायाम करो, अच्छा भोजन खाओ और समय पर सोओ.
10. सपने देखो और उन्हें पूरा करने की कोशिश करो , कुछ बड़ा सोचो और उसे पाने के लिए मेहनत करो.

## BIRTHDAY OF THE MONTH







## Padma Vibhushan Awardees 2025

1.Duvvur Nageshwar Reddy – Medicine
2.Justice (Retd.) Jagdish Singh Khehar – Public Affairs
3.K. Kasturirangan – Science and Engineering
4.Pandit Ajoy Chakrabarty – Art
5.Ratan Tata – Trade and Industry
6.S. Nambi Narayanan – Science and Engineering
7.Vijay Kelkar – Public Affairs



## Padma Bhushan Awardees 2025

1.A. Surya Prakash – Literature and Education
2.Anant Nag – Art
3.Bibek Debroy (Posthumous) – Literature and Education
4.Jatin Goswami – Art
5.Jose Chacko Periappuram – Medicine
6.Kailash Nath Dikshit – Archaeology
7.Manohar Joshi (Posthumous) – Public Affairs
8.Nalli Kuppuswami Chetti – Trade and Industry
9.Nandamuri Balakrishna – Art
10.P. R. Sreejesh – Sports
11.Pankaj Patel – Trade and Industry
12.Pankaj Udhas (Posthumous) – Art
13.Rambahadur Rai – Literature and Education
14.Sadhvi Ritambhara – Social Work
15.S. Ajith Kumar – Science and Engineering
16.Shekhar Kapur – Art
17.Shobana Chandrakumar – Art
18.Sushil Kumar Modi (Posthumous) – Public Affairs
19.Vinod Dham – Science and Engineering




## Editorial Team



Mr. Arvind Kumar Singh, Chief Editor
Ms Riti Sharma, Creative Editor
Ms. Manjeet Kaur, Hindi Editor
Ms.Rajdeep Kaur, Punjabi Editor

# Value of Social Etiquette for School Students

Social etiquette plays a crucial role in shaping the personality of students and preparing them for a respectful and disciplined life. Good manners and proper behavior help students build strong relationships, earn respect, and create a positive impression in society.

**Firstly**, social etiquette teaches students how to communicate effectively. Saying "please," "thank you," and "sorry" are small but impactful gestures that reflect politeness and humility. Respecting teachers, elders, and classmates fosters a healthy and harmonious environment in school.

**Secondly**, discipline and punctuality are essential etiquettes that help students develop a sense of responsibility. Arriving on time for school, completing homework on schedule, and participating in class discussions with attentiveness show dedication and sincerity.

**Moreover**, good etiquette promotes kindness and empathy. Helping a classmate in need, listening patiently, and respecting others' opinions encourage teamwork and cooperation. These values create a supportive and friendly atmosphere in school.

**Additionally**, proper hygiene and table manners are also part of social etiquette. Keeping oneself clean, maintaining decorum in the classroom, and eating politely in the cafeteria reflect a well-mannered personality

.In the digital era, online etiquette is equally important. Using social media responsibly, avoiding rude comments, and respecting others' privacy ensure a safe and respectful digital presence.

**In conclusion**, social etiquette is the foundation of a successful and respectable life. By practicing good manners, students not only enhance their personality but also contribute to making society a better place. Schools and parents should encourage and guide students to develop these values from an early age.

# EVENTS AT GLANCE

## WE ARE THE CHAMPIONS













## Republic Day CeleBrations



## Tiny Tots Are in Action



## Grand Parents Day Celebration



## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਪਵਿੱਤਰ ਖੁਸ਼ੀ 'ਤੇ ਪਾਠ ਅਤੇ ਹਰਜਸ ਕੀਰਤਨ ਦੇ ਪਲ




## Republic Day Apperication




## Story Enactment Activity



## Netaji Subhas Chandra Bose Jayanti

